# 4
# ਸ਼ਰ੍ਹਾ ਇਸਰਾਏਲ ਦੇ ਕੌਮੀ ਕਾਨੂੰਨ ਦੇ ਰੂਪ ਵਿਚ
## (ਵਿਵਸਥਾਸਾਰ 4:7 , 8)

ਅਸੀਂ ਵੇਖਿਆ ਹੈ ਕਿ ਖ਼ੁਦਾ ਨੇ ਇਸਰਾਏਲੀਆਂ ਨਾਲ ਉਨ੍ਹਾਂ ਦਾ ਖ਼ੁਦਾ ਹੋਣ ਅਤੇ ਉਨ੍ਹਾਂ ਨੂੰ ਖ਼ਾਸ ਲੋਕਾਂ ਦੇ ਰੂਪ ਵਿਚ ਵੱਖ ਕਰਨ ਲਈ ਇਕ ਨੇਮ ਬੰਨ੍ਹਿਆ ਅਤੇ ਉਨ੍ਹਾਂ ਨੂੰ ਇਹ ਸਮਝਾਉਣ ਲਈ ਉਹ ਉਸਦੇ ਕਿਵੇਂ ਬਣਨ ਉਨ੍ਹਾਂ ਨੂੰ ਸ਼ਰ੍ਹਾ ਦਿੱਤੀ। ਹਰ ਤਰ੍ਹਾਂ ਦੀਆਂ ਸ਼ਰਤਾਂ ਨਾਲ ਜੋ ਖ਼ੁਦਾ ਨੇ ਇਸਰਾਏਲੀਆਂ ਨੂੰ ਦਿੱਤੀਆਂ ਸਨ, ਉਨ੍ਹਾਂ ਦੇ ਕੌਮੀ ਕਾਨੂੰਨ ਦੇ ਰੂਪ ਵਿਚ ਇਹ ਸ਼ਰ੍ਹਾ ਦਿੱਤੀ ਗਈ। ਇਸਰਾਏਲੀਆਂ ਨੇ ਸ਼ਰ੍ਹਾ ਦੇ ਅਧੀਨ ਇਕ ਧਰਮ-ਤੰਤਰ ਅਰਥਾਤ ਖ਼ੁਦਾ ਵੱਲੋਂ ਚਲਾਈ ਜਾ ਰਹੀ ਕੌਮ ਹੋਣਾ ਸੀ। ਇਸ ਸ਼ਰ੍ਹਾ ਵਿਚ ਪਰਿਵਾਰ ਦੇ ਸਬੰਧਾਂ ਨੂੰ ਚਲਾਉਣ, ਖਾਣ-ਪੀਣ, ਸਰਕਾਰੀ ਮਾਮਲਿਆਂ ਅਤੇ ਸਮਾਜਿਕ ਜ਼ਿੰਮੇਵਾਰੀਆਂ ਨਾਲ ਜੁੜੇ ਨੇਮ ਸਨ। ਇਸ ਵਿਚ ਧਾਰਮਿਕ ਇਖ਼ਲਾਕੀ ਜ਼ਿੰਮੇਵਾਰੀਆਂ ਦੇ ਨਾਲ-ਨਾਲ ਨਿੱਜੀ ਜ਼ਿੰਮੇਵਾਰੀਆਂ ਨੂੰ ਵੀ ਵਿਸਤਾਰ ਨਾਲ ਦੱਸਿਆ ਗਿਆ ਸੀ।

ਖ਼ੁਦਾ ਇਸਰਾਏਲ ਨੂੰ ਦਿੱਤੇ ਗਏ ਨੇਮਾਂ ਕਿਸੇ ਬਹੁਤੀ ਤਰਤੀਬ ਵਿਚ ਨਹੀਂ ਲਿਖੇ ਗਏ ਸਨ, ਇਖ਼ਲਾਕ ਵਿਚ ਅਜਿਹੇ ਖੇਤਰਾਂ ਨੂੰ ਚਲਾਉਣ ਲਈ ਸਾਰੇ ਨੇਮ ਆਪਸ ਵਿਚ ਮਿਲਦੇ ਜੁਲਦੇ ਸਨ ਪਰ ਕੁਝ ਨਿਅਮਾਂ ਨੂੰ ਇੱਕੋ ਥਾਂ ਇਕੱਠਾ ਕੀਤਾ ਗਿਆ ਸੀ। ਅਜਿਹੇ ਨਿਅਮ ਨਿੱਜੀ ਸਬੰਧਾਂ, ਨਿੱਜੀ ਜ਼ਿੰਮੇਵਾਰੀਆਂ, ਕਾਨੂੰਨੀ ਮਾਮਲਿਆਂ, ਧਾਰਮਿਕ ਜ਼ਿੰਮੇਵਾਰੀਆਂ ਅਤੇ ਵਿਚਾਰ ਦੀਆਂ ਹੋਰ ਗੱਲਾਂ ਤੇ ਲਾਗੂ ਹੁੰਦੇ ਸਨ।

## ਇਕ ਲੋਕਾਂ ਲਈ ਇਕ ਵਿਵਸਥਾ

### ਇਕ ਕੌਮ

ਸੀਨੈ ਪਹਾੜ ਤੇ ਮੂਸਾ ਨੂੰ ਦਿੱਤੀ ਜਾਣ ਵਾਲੀ ਖ਼ੁਦਾ ਦੀ ਸ਼ਰ੍ਹਾ ਪਹਿਲਾਂ ਨਹੀਂ ਦਿੱਤੀ ਗਈ ਸੀ। ਅਬਰਾਹਾਮ, ਇਸਹਾਕ ਅਤੇ ਯਾਕੂਬ ਦੇ ਕਨਾਨ ਦੇਸ਼ ਵਿਚ ਰਹਿੰਦਿਆਂ ਉਨ੍ਹਾਂ ਨੂੰ ਕੌਮ ਦੇ ਰੂਪ ਵਿਚ ਸ਼ਰ੍ਹਾ ਦੀ ਲੋੜ ਨਹੀਂ ਸੀ। ਕਿਉਂਕਿ ਉਹ ਗ਼ੁਲਾਮ ਸਨ ਜਿਨ੍ਹਾਂ ਨੂੰ ਮਿਸਰ ਦੇਸ਼ ਦੇ ਕਾਨੂੰਨਾਂ ਨੂੰ ਮੰਨਣਾ ਜ਼ਰੂਰੀ ਸੀ। ਮਿਸਰ ਤੋਂ ਨਿੱਕਲ ਕੇ ਇਕ ਵੱਖਰੀ ਕੌਮ ਬਣਨ ਤੋਂ ਪਹਿਲਾਂ ਉਨ੍ਹਾਂ ਨੂੰ ਕੌਮੀ ਕਾਨੂੰਨ ਦੀ ਲੋੜ ਨਹੀਂ ਸੀ। ਖ਼ੁਦਾ ਨੇ ਸ਼ਰ੍ਹਾ ਦੇ ਕੇ ਉਨ੍ਹਾਂ ਦੀ ਇਸ ਸਥਿਤੀ ਵਿਚ ਸੁਧਾਰ ਕੀਤਾ ਸੀ।

ਇਹ ਕਹਿ ਕੇ ਕਿ ''ਕਿਹੜੀ ਵੱਡੀ ਕੌਮ ਹੈ ਜਿਸ ਦੇ ਕੋਲ ਵਿਧੀਆਂ ਅਤੇ ਕਾਨੂੰਨ ਐਨੇ ਧਾਰਮਕ ਹਨ ਜਿੰਨੀ ਇਹ ਸਾਰੀ ਸ਼ਰ੍ਹਾ ਜਿਹੜੀ ਮੈਂ ਤੁਹਾਡੇ ਅੱਗੇ ਅੱਜ ਰੱਖਦਾ ਹਾਂ?''

(ਵਿਵਸਥਾਸਾਰ 4:8)। ਮੂਸਾ ਨੇ ਸਮਝਾਇਆ ਕਿ ਕਿਸੇ ਹੋਰ ਕੌਮ ਨੂੰ ਅਜਿਹੀ ਸ਼ਰ੍ਹਾ ਨਹੀਂ ਦਿੱਤੀ ਗਈ।

ਦਾਊਦ ਨੇ ਕਿਹਾ ਸੀ:

> ਉਹ ਯਾਕੂਬ ਨੂੰ ਆਪਣੇ ਹੁਕਮ, ਇਸਰਾਏਲ ਨੂੰ ਆਪਣੀਆਂ ਬਿਧੀਆਂ ਅਤੇ ਨਿਆਉਂ ਦੱਸਦਾ ਹੈ। ਉਹਨੇ ਕਿਸੇ ਹੋਰ ਕੌਮ ਨਾਲ ਅਜਿਹਾ ਨਹੀਂ ਕੀਤਾ, ਅਤੇ ਉਹ ਦੇ ਨਿਆਵਾਂ ਨੂੰ ਉਨ੍ਹਾਂ ਨੇ ਜਾਣਿਆ ਵੀ ਨਹੀਂ। ਹੱਲਲੂਯਾਹ!'' (ਜ਼ਬੂਰ 147:19, 20)।

ਪੌਲੁਸ ਨੇ ਵੀ ਇਹ ਸੱਚਾਈ ਦੱਸੀ: ''ਜਦ ਪਰਾਈਆਂ ਕੌਮਾਂ ਜਿਹੜੀਆਂ ਸ਼ਰ੍ਹਾ ਹੀਨ ਹਨ ਆਪਣੇ ਸੁਭਾਉ ਤੋਂ ਸ਼ਰ੍ਹਾ ਦੇ ਕੰਮ ਕਰਦੀਆ ਹਨ ਤਾਂ ਸ਼ਰ੍ਹਾ ਦੇ ਨਾ ਹੁੰਦਿਆਂ ਓਹ ਆਪਣੇ ਲਈ ਆਪ ਹੀ ਸ਼ਰ੍ਹਾ ਹਨ'' (ਰੋਮੀਆਂ 2:14)। 1 ਕੁਰਿੰਥੀਆਂ 9:21 ਵਿਚ ਵੀ ਪੌਲੁਸ ਨੇ ਸੰਕੇਤ ਦਿੱਤਾ ਕਿ ਅਜਿਹੇ ਲੋਕ ਸਨ ਜਿਨ੍ਹਾਂ ਕੋਲ ਸ਼ਰ੍ਹਾ ਨਹੀਂ ਸੀ। ਸ਼ਰ੍ਹਾ ਦੇ ਅਨੁਸਾਰ ਨਿਆਂ ਉਨ੍ਹਾਂ ਦਾ ਹੀ ਹੋਵੇਗਾ ਜਿਨ੍ਹਾਂ ਨੇ ਸ਼ਰ੍ਹਾ ਦੇ ਅਧੀਨ ਪਾਪ ਕੀਤਾ (ਰੋਮੀਆਂ 2:12)।

ਸ਼ਰ੍ਹਾ, ਜੋ ਦਸ ਹੁਕਮਾਂ ਦਾ ਸਾਰ ਹੈ (ਕੂਚ 34:27, 28; 1 ਰਾਜਿਆਂ 8:9, 21) ਇਸਰਾਏਲ ਨੂੰ ਹੀ ਦਿੱਤੀ ਗਈ ਸੀ। ਇਸਰਾਏਲ ਦੇ ਲੋਕ ਭਾਵ ਉਹ ਕੌਮ ਜਿਸ ਨੂੰ ਮਿਸਰ ਦੀ ਗੁਲਾਮੀ ਤੋਂ ਛੁਡਾਇਆ ਸੀ, ਖ਼ੁਦਾ ਦੇ ਚੁਣੇ ਹੋਏ ਲੋਕ ਹੋਏ ਸਨ।

## ਇਕ ਦੇਸ਼

ਖ਼ੁਦਾ ਵੱਲੋਂ ਦਿੱਤੇ ਗਏ ਨੇਮ ਨੂੰ ਇਸਰਾਏਲ ਦੇ ਦੇਸ਼ ਵਿਚ ਮੰਨਣਾ ਜ਼ਰੂਰੀ ਸੀ, ਕਿਉਂਕਿ ਕੁਝ ਵਿਧੀਆਂ ਨੂੰ ਆਪਣੀਆਂ ਹੱਦਾਂ ਤੋਂ ਬਾਹਰ ਨਹੀਂ ਕਰ ਸਕਦੇ ਸਨ। ਮੂਸਾ ਨੇ ਕਿਹਾ ਸੀ, ''ਵੇਖੋ ਮੈਂ ਤੁਹਾਨੂੰ ਵਿਧੀਆਂ ਅਤੇ ਕਾਨੂੰਨ ਸਿਖਾਏ ਹਨ ਜਿਵੇਂ ਯਹੋਵਾਹ ਮੇਰੇ ਪਰਮੇਸ਼ੁਰ ਨੇ ਮੈਨੂੰ ਹੁਕਮ ਦਿੱਤਾ ਸੀ ਕਿ ਤੁਸੀਂ ਉਸ ਧਰਤੀ ਵਿਚ ਜਿੱਥੇ ਤੁਸੀਂ ਕਬਜ਼ਾ ਕਰਨ ਜਾਂਦੇ ਹੋ ਐਉਂ ਐਉਂ ਕਰਿਓ'' (ਵਿਵਸਥਾਸਾਰ 4:5; 6:1, 2 ਵੀ ਵੇਖੋ)।

## ਇਕ ਨਗਰ

ਖ਼ੁਦਾ ਨੇ ਇਸਰਾਏਲ ਨੂੰ ਆਗਿਆਕਾਰਤਾ ਦਿੱਤੀ ਸੀ ਕਿ ਉਹ ਉਸਨੂੰ ਓਸੇ ਥਾਂ ਲੱਭਣ ਜੋ ਉਸਨੇ ਚੁਣੀ ਸੀ (ਵਿਵਸਥਾਸਾਰ 12:5-7)। ਇਹ ਥਾਂ ''ਯਰੂਸ਼ਲਮ (ਨਗਰ ਸੀ) ਜਿਹਨੂੰ ਯਹੋਵਾਹ ਨੇ ਇਸਰਾਏਲ ਦੇ ਸਾਰੇ ਗੋਤਾਂ ਵਿੱਚੋਂ ਚੁਣਿਆ ਸੀ'' (1 ਰਾਜਿਆਂ 14:21; 11:13; 2 ਰਾਜਿਆਂ 21:4, 7 ਵੀ ਵੇਖੋ)। ਇਸਰਾਏਲ ਦੇਸ਼ ਦੀਆਂ ਬਾਹਰੀ ਹੱਦਾਂ ਵਿਚ ਰਹਿਣ ਵਾਲਿਆਂ ਨੂੰ ਯਰੂਸ਼ਲਮ ਜਾਣ ਲਈ ਬੜੀ ਜੱਦੋ-ਜਹਿਦ ਕਰਨੀ ਪੈਂਦੀ ਸੀ। ਪਰ ਜੇ ਧਰਤੀ ਦੇ ਸਭ ਲੋਕਾਂ ਨੂੰ ਇਸਨੂੰ ਮੰਨਣ ਲਈ ਆਖਿਆ ਹੁੰਦਾ ਤਾਂ ਉਨ੍ਹਾਂ ਲਈ ਇਸ ਹੁਕਮ ਦਾ ਮੰਨਣਾ ਲਗਭਗ ਨਾਮੁਮਕਿਨ ਹੋਣਾ ਸੀ।

ਖ਼ੁਦਾ ਨੇ ਇਸਰਾਏਲੀਆਂ ਨੂੰ ਵਾਅਦੇ ਦੇ ਦੇਸ਼ ਵਿਚ ਵਾੜਦਿਆਂ ਹਦਾਇਤ ਦਿੱਤੀ:

> ਤਾਂ ਐਉਂ ਹੋਵੇਗਾ ਕਿ ਤੁਸੀਂ ਉਸ ਅਸਥਾਨ ਨੂੰ ਜਿਹੜਾ ਯਹੋਵਾਹ ਤੁਹਾਡਾ ਪਰਮੇਸ਼ੁਰ ਚੁਣੇਗਾ ਭਈ ਆਪਣਾ ਨਾਮ ਉੱਥੇ ਰੱਖੇ ਤੁਸੀਂ ਜੋ ਕੁਝ ਮੈਂ ਤੁਹਾਨੂੰ ਹੁਕਮ ਦਿੰਦਾ ਹਾਂ ਲਿਆਇਆ ਕਰਿਓ ਅਰਥਾਤ ਆਪਣੀਆਂ ਹੋਮ ਦੀਆਂ ਭੇਟਾਂ, ਆਪਣੀਆਂ ਬਲੀਆਂ,

ਆਪਣੇ ਦਸਵੰਧ, ਆਪਣੇ ਹੱਥ ਦੀਆਂ ਚੁੱਕਣ ਦੀਆਂ ਭੇਟਾਂ ਅਤੇ ਆਪਣੀਆਂ ਸਾਰੀਆਂ ਮਨ ਭਾਉਂਦੀਆਂ ਸੁੱਖਣਾਂ ਜਿਹੜੀਆਂ ਯਹੋਵਾਹ ਲਈ ਸੁੱਖੀਆਂ ਹਨ (ਵਿਵਸਥਾਸਾਰ 12:11; 26:2 ਵੀ ਵੇਖੋ)।

ਲੋਕਾਂ ਲਈ ਆਪਣੇ ਅਨਾਜ ਦਾ ਦਸਵੰਧ ਜਾਂ ਆਪਣੇ ਇੱਜੜਾਂ ਦੇ ਪਲੌਠੇ ਇੱਥੇ ਹੀ ਅਰਥਾਤ ਯਰੂਸ਼ਲਮ ਵਿਚ ਹੀ ਖਾਣੇ ਜ਼ਰੂਰੀ ਸਨ। ਉਨ੍ਹਾਂ ਦੇ ਘਰ ਇੰਨੀ ਦੂਰ ਹੋਣ ਜਿੱਥੋਂ ਜਿਨ੍ਹਾਂ ਨੂੰ ਖ਼ੁਦਾ ਦੇ ਚੁਣੇ ਹੋਏ ਸਥਾਨ ਤੇ ਲਿਆਉਣਾ ਔਖਾ ਹੁੰਦਾ ਸੀ, ਉਨ੍ਹਾਂ ਨੂੰ ਇੰਨ੍ਹਾਂ ਦੇ ਪੈਸਿਆਂ ਵਿਚ ਬਦਲ ਕੇ ਖ਼ੁਦਾ ਦੀ ਚੁਣੀ ਹੋਈ ਥਾਂ ਵਿਚ ਖਰੀਦ ਕੇ ਰੱਖਣਾ ਜ਼ਰੂਰੀ ਸੀ (ਵਿਵਸਥਾਸਾਰ 12:17-22, 26-28; 14:23-26)।

ਖ਼ੁਦਾ ਦੇ ਚੁਣੇ ਹੋਏ ਸ਼ਹਿਰ ਵਿਚ ਹੀ ਸਭ ਕੁਰਬਾਨੀਆਂ ਚੜ੍ਹਾਈਆਂ ਜਾਣੀਆਂ ਜ਼ਰੂਰੀ ਸਨ (ਵਿਵਸਥਾਸਾਰ 12:13, 14, 26)। ਤਿੰਨ ਸਲਾਨਾ ਪਰਬ (ਪਸਾਹ, ਹਫ਼ਤਿਆਂ ਦਾ ਪਰਬ ਅਤੇ ਡੇਰਿਆਂ ਦਾ ਪਰਬ; ਵਿਵਸਥਾਸਾਰ 16:2-15) ਇੱਥੇ ਮਨਾਉਣੇ ਹੁੰਦੇ ਸਨ। ਇਨ੍ਹਾਂ ਪਰਬਾਂ ਦੌਰਾਨ ਸਭ ਮਰਦਾਂ ਦਾ ਹਾਜ਼ਰ ਹੋਣਾ ਜ਼ਰੂਰੀ ਸੀ (ਵਿਵਸਥਾਸਾਰ 16:16)।

ਯਾਜਕ ਸਭ ਮਾਮਲਿਆਂ ਦੀ ਸੁਣਵਾਈ ਇਸ ਨਗਰ ਵਿਚ ਕਰਦੇ ਸਨ (ਵਿਸਵਸਥਾਸਾਰ 17:8-13)। ਇੱਥੇ ਡੇਰਿਆਂ ਦੇ ਪਰਬ ਦੇ ਦੌਰਾਨ ਹਰ ਸਤਵੇਂ ਸਾਲ ਸ਼ਰ੍ਹਾ ਦਾ ਪੜ੍ਹਿਆ ਜਾਣਾ ਜ਼ਰੂਰੀ ਸੀ (ਵਿਵਸਥਾਸਾਰ 31:10, 11)।

## ਖ਼ੁਦਾ ਵੱਲੋਂ ਸ਼ਰ੍ਹਾ

ਮੂਸਾ ਨੇ ਲਿਖਿਆ ਕਿ ਖ਼ੁਦਾ ਨੇ ਇਸਰਾਏਲ ਨੂੰ ਬੇਹਤਰ ਨੇਮ ਦੇਣ ਦਾ ਹੁਕਮ ਦਿੱਤਾ ਸੀ। ਇਹ ਮੂਸਾ ਦੀ ਖੋਜ ਨਾਲ ਬਣਾਏ ਗਏ ਨਿਅਮ ਅਤੇ ਵਿਧੀਆਂ ਨਹੀਂ ਬਲਕਿ ਖ਼ੁਦਾ ਦੇ ਹੁਕਮ ਸਨ। ਲੇਵੀਆਂ ਦੀ ਕਿਤਾਬ ਵਿਚ ਹੁਕਮ ਦੇਣ ਦੇ ਬਾਵਜੂਦ, ਮੂਸਾ ਨੇ ਲਿਖਿਆ, ''ਯਹੋਵਾਹ ਨੇ ਇਸਰਾਏਲੀਆਂ ਲਈ ਸੀਨਾ ਪਹਾੜ ਉੱਤੇ ਮੂਸਾ ਨੂੰ ਆਗਿਆਵਾਂ ਦਿੱਤੀਆਂ, ਓਹ ਆਗਿਆਵਾਂ ਇਹੋ ਹਨ'' (ਲੇਵੀਆਂ 27:34)।

ਹੁਕਮ, ਵਿਧੀਆਂ, ਸ਼ਰ੍ਹਾ ਦੇ ਫ਼ੈਸਲੇ ਦਿੰਦਿਆਂ, ਮੂਸਾ ਨੇ ਇਸਰਾਏਲ ਨੂੰ ਬਾਰ-ਬਾਰ ਯਾਦ ਕਰਵਾਇਆ ਕਿ ਇਹ ਖ਼ੁਦਾ ਵੱਲੋਂ ਹਨ ਜਿਸਦਾ ਅਰਥ ਸੀ ਕਿ ਮੂਸਾ ਵੱਲੋਂ ਨਹੀਂ ਸਨ। ਇਨ੍ਹਾਂ ਕਥਨਾਂ ਦਾ ਇਕ ਨਮੂਨਾ ਇੱਥੇ ਪੇਸ਼ ਹੈ: ''ਜਦ ਤੁਸੀਂ ਭੁੱਲੋ ਅਤੇ ਇਹ ਸਾਰੇ ਹੁਕਮ ਪੂਰੇ ਨਾ ਕਰੋ ਜਿਹੜੇ ਯਹੋਵਾਹ ਮੂਸਾ ਨੂੰ ਬੋਲਿਆ ...'' (ਗਿਣਤੀ 15:22-24)। ''ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਦੀ ਅਵਾਜ਼ ਨੂੰ ਸੁਣੋ ਅਤੇ ਉਸਦੇ ਹੁਕਮਾਂ ਅਤੇ ਵਿਧੀਆਂ ਨੂੰ ਜਿਹੜੀਆਂ ਅੱਜ ਮੈਂ ਤੁਹਾਨੂੰ ਦਿੰਦਾ ਹਾਂ ਪੂਰੀਆਂ ਕਰੋ'' (ਵਿਵਸਥਾਸਾਰ 27:10)।[1] ''ਯਹੋਵਾਹ ਨੇ ਮੂਸਾ ਨੂੰ ਕਿਹਾ'' (ਲੇਵੀਆਂ 18:1; 19:1; 20:1; ਗਿਣਤੀ 8:23; 15:1) ਵਰਗੇ ਕਥਨਾਂ ਤੋਂ ਸੰਕੇਤ ਮਿਲਦਾ ਹੈ ਕਿ ਇਸਰਾਏਲ ਨੂੰ ਖ਼ੁਦਾ ਦੀ ਸ਼ਰ੍ਹਾ ਦਿੱਤੀ ਗਈ ਸੀ ਨਾ ਕਿ ਮੂਸਾ ਦੇ ਮਨੋਂ ਨਿੱਕਲੀ ਹੋਈ ਸ਼ਰ੍ਹਾ।

ਇਸ ਹਕੀਕਤ ਨੂੰ ਵਿਸਥਾਰ ਨਾਲ ਦੱਸਣ ਲਈ ਕਿ ਮੂਸਾ ਜੋ ਵੀ ਹੁਕਮ ਦਿੰਦਾ ਸੀ ਉਹ ਖ਼ੁਦਾ ਵੱਲੋਂ ਹੀ ਸੀ, ਸਾਨੂੰ ਵਧੇਰੇ ਸਬੂਤ ਦੀ ਲੋੜ ਹੈ। ਕੁਝ ਲੋਕ ''ਖ਼ੁਦਾ ਦੀ ਸ਼ਰ੍ਹਾ'' ਵਿਚ ਫ਼ਰਕ ਕਰਨ ਦੀ ਕੋਸ਼ਿਸ਼ ਕਰਦੇ ਹਨ, ਅਜਿਹੇ ਫ਼ਰਕ ਦਾ ਨਾ ਤਾਂ ਪੁਰਾਣੇ ਨੇਮ ਵਿਚ ਕੋਈ

ਅਧਾਰ ਹੈ ਅਤੇ ਨਾ ਨਵੇਂ ਨੇਮ ਵਿਚ। ਖ਼ੁਦਾ ਵੱਲੋਂ ਮੂਸਾ ਨੂੰ ਦਿੱਤੀਆਂ ਵਿਧੀਆਂ ਹੁਕਮ, ਫ਼ੈਸਲੇ ਅਤੇ ਖ਼ੁਦਾ ਦੇ ਨੇਮ ਵਿਚ ਸਭ ਸ਼ਰ੍ਹਾ ਹੀ ਸੀ। ਬੇਸ਼ਕ ਕਈ ਵਾਰ ਸਾਨੂੰ ''ਮੂਸਾ ਦੀ ਸ਼ਰ੍ਹਾ'' (ਯਹੋਸ਼ੁਆ 8:31; 1 ਰਾਜਿਆਂ 2:3) ਕਿਹਾ ਜਾਂਦਾ ਹੈ ਪਰ ਇਹ ਉਸਦੀ ਸ਼ਰ੍ਹਾ ਨਹੀਂ ਸੀ। ਇਸੇ ਤਰ੍ਹਾਂ ਪੌਲੁਸ ਨੇ ''ਮੇਰੀ ਖੁਸ਼ਖਬਰੀ'' (ਰੋਮੀਆਂ 2:11; 16:25) ਅਤੇ ਸਾਡੀ ''ਰਸੂਲਾਂ ਦੀ ਸਿੱਖਿਆ'' (ਰਸੂਲਾਂ ਦੇ ਕੰਮ 2:42) ਵਾਕ ਅੰਸ਼ ਦੀ ਵਰਤੋਂ ਕਰਦੇ ਹਨ ਭਾਵੇਂ ਖੁਸ਼ਖਬਰੀ ਅਤੇ ਇਸ ਦੀਆਂ ਸਭ ਗੱਲਾਂ ਮਸੀਹ ਦੀਆਂ ਹਨ।

## ਸਜ਼ਾਵਾਂ ਵਾਲੀ ਸ਼ਰ੍ਹਾ

ਇਨ੍ਹਾਂ ਵਿੱਚੋਂ ਕਿਸੇ ਵੀ ਸ਼ਰ੍ਹਾ ਨੂੰ ਤੋੜਨ ਤੇ ਸਜ਼ਾ ਤੈਅ ਸੀ। ਕਈ ਨਿਅਮਾਂ ਨੂੰ ਤੋੜਨ ਦੀ ਸਜ਼ਾ ਮੌਤ ਸੀ। ਜਦਕਿ ਹੋਰਨਾਂ ਲਈ ਅਪਰਾਧ ਜਾਂ ਕੀਤੇ ਹੋਏ ਨੁਕਸਾਨ ਜਿੰਨੀ ਹੀ ਤਕਲੀਫ਼ ਮੁਜਰਮ ਲਈ ਤੈਅ ਸੀ। ਪੀੜਤ ਵਿਅਕਤੀ ਨੂੰ ਹਰਜਾਨਾ ਦੇਣ ਤੋਂ ਇਲਾਵਾ ਢੁਕਵੀਂ ਕੁਰਬਾਨੀ ਦੇ ਰੂਪ ਵਿਚ ਅਣਜਾਣੇ ਵਿਚ ਹੋਈ ਉਲੰਘਣਾ ਲਈ ਖ਼ੁਦਾ ਲਈ ਭੇਂਟ ਵੀ ਲਿਆਉਣੀ ਹੁੰਦੀ ਸੀ (ਲੇਵੀਆਂ 4:27-35)। ਅੱਜ ਦੇ ਕੁਝ ਕਾਨੂੰਨਾਂ ਦੇ ਉਲਟ ਖ਼ੁਦਾ ਨੇ ਅਦਾਲਤ ਦਾ ਜੁਰਮਾਨਾ ਅਦਾ ਕਰਨ ਦੀ ਬਜਾਏ ਹਰਜਾਨੇ ਦੀ ਪੂਰਤੀ ਅਤੇ (ਜਾਂ ਕੁਰਬਾਨੀ ਤੈਅ ਕੀਤੀ ਹੋਈ ਸੀ)।

## ਸਾਰ

ਖ਼ੁਦਾ ਨੇ ਮੂਸਾ ਦੇ ਰਾਹੀਂ ਜੋ ਨਿਅਮ ਇਸਰਾਏਲ ਨੂੰ ਦਿੱਤੇ ਸਨ ਉਹ ਨਿੱਜੀ ਤੌਰ ਤੇ ਕੌਮ ਦੇ ਰੂਪ ਵਿਚ ਮੰਨਣ ਲਈ ਉਨ੍ਹਾਂ ਨੂੰ ਹੀ ਦਿੱਤੇ ਗਏ ਸਨ, ਕਿਸੇ ਹੋਰ ਕੌਮ ਦੇ ਲੋਕਾਂ ਨੂੰ ਨਹੀਂ। ਇਨ੍ਹਾਂ ਨਿਅਮਾਂ ਵਿਚ ਵਿਸਥਾਰ ਨਾਲ ਦੱਸਿਆ ਗਿਆ ਸੀ ਕਿ ਲੋਕਾਂ ਦੇ ਨਿੱਜੀ, ਨਾਗਰਿਕ ਅਤੇ ਧਾਰਮਿਕ ਜੀਵਨਾਂ ਦੇ ਵਧੇਰੇ ਪਹਿਲੂਆਂ ਨੂੰ ਕਿਵੇਂ ਚਲਾਇਆ ਜਾਵੇ। ਇਨ੍ਹਾਂ ਨਿਅਮਾਂ ਨੂੰ ਮੰਨਣ ਨਾਲ ਖ਼ੁਦਾ ਨੇ ਇਸਰਾਏਲ ਦੇ ਚੁਣੇ ਹੋਏ ਲੋਕਾਂ ਦੇ ਰੂਪ ਵਿਚ ਵੱਖ ਹੋਣਾ ਸੀ।

---

ਟਿੱਪਣੀ

[1]ਅਜਿਹੇ ਹੀ ਕਥਨ ਵਿਵਸਥਾਸਾਰ 4:40; 8:11; 10:13; 11:27, 28; 13:18; 28:1, 13, 15; 30:8 ਵਿਚ ਮਿਲਦੇ ਹਨ।